ਨਿਊਜ਼ ਰਿਲੀਜ਼

# ਬਜਟ 2024: ਅਲਬਰਟਾ ਦੇ ਨਿਵਾਸੀਆਂ ਅਤੇ ਅਲਬਰਟਾ ਦੇ ਪਰਿਵਾਰਾਂ ਨੂੰ ਪਹਿਲ ਦੇਣਾ

29 ਫਰਵਰੀ, 2024

---

ਆਉਣ ਵਾਲੇ ਸਾਲ ਲਈ ਸਰਕਾਰ ਦੀ ਵਿੱਤੀ ਯੋਜਨਾ ਵਿੱਚ ਅਲਬਰਟਾ ਦੇ ਪਰਿਵਾਰਾਂ ਨੂੰ ਜੀਵਨ ਨੂੰ ਕਿਫਾਇਤੀ ਰੱਖਣ ਲਈ ਕੁਝ ਮਦਦ ਮਿਲੇਗੀ।

ਕਿਫਾਇਤੀ ਰਿਹਾਇਸ਼ਾਂ ਦੀ ਸਪਲਾਈ ਵਧਾਉਣ ਲਈ, ਬਜਟ ਬਿਲਡਿੰਗ ਯੂਨਿਟਾਂ ਲਈ ਗ੍ਰਾਂਟ ਵਿੱਚ $717 ਮਿਲੀਅਨ ਪ੍ਰਦਾਨ ਕਰਦਾ ਹੈ।

ਇਸ ਵਿੱਚ ਘੱਟ ਆਮਦਨੀ ਵਾਲੇ ਪਰਿਵਾਰਾਂ ਨੂੰ ਲਾਭ ਪ੍ਰਦਾਨ ਕਰਨ ਲਈ ਅਲਬਰਟਾ ਚਾਈਲਡ ਐਂਡ ਫੈਮਲੀ ਬੈਨੀਫਿਟ ਲਈ $355 ਮਿਲੀਅਨ ਵੀ ਹਨ, ਜੋ ਪਿਛਲੇ ਵਿੱਤੀ ਸਾਲ ਨਾਲੋਂ $31 ਮਿਲੀਅਨ ਦਾ ਵਾਧਾ ਹੈ।

ਬਜਟ ਵਿੱਚ ਵਰਕਰ-ਅਨੁਕੂਲ ਟੈਕਸ ਯੋਜਨਾ 2024-25 ਵਿੱਚ ਨਿੱਜੀ ਆਮਦਨ ਟੈਕਸਾਂ ਵਿੱਚ $980 ਮਿਲੀਅਨ ਘੱਟ ਕਰਦੀ ਹੈ - ਅਤੇ ਇਸ ਨਾਲ ਔਸਤ ਵਰਕਰ ਨੂੰ ਪ੍ਰਤੀ ਸਾਲ $760 ਦੀ ਬਚਤ ਹੋਵੇਗੀ।

65 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਸਰਕਾਰੀ ਰਜਿਸਟਰੀ ਦਫ਼ਤਰਾਂ, ਜਿੱਥੇ ਲੋਕਾਂ ਨੂੰ ਲਾਇਸੈਂਸ ਪਲੇਟਾਂ, ਪਰਮਿਟ ਅਤੇ ਹੋਰ ਸੇਵਾਵਾਂ ਮਿਲਦੀਆਂ ਹਨ, ਵਿੱਚ 25 ਪ੍ਰਤੀਸ਼ਤ ਦੀ ਨਵੀਂ ਛੋਟ ਮਿਲਦੀ ਹੈ।

ਬਜਟ ਵਿੱਚ ਹੋਰ ਉਪਾਅ ਬਜ਼ੁਰਗਾਂ ਦੀ ਰਿਹਾਇਸ਼ ਅਤੇ ਕਿਰਾਏ ਦੀ ਸਹਾਇਤਾ ਲਈ ਫੰਡਾਂ ਵਿੱਚ $38-ਮਿਲੀਅਨ ਦਾ ਵਾਧਾ ਅਤੇ ਪਾਲਣ-ਪੋਸ਼ਣ ਕਰਨ ਵਾਲੇ (foster) ਮਾਤਾ-ਪਿਤਾ ਅਤੇ ਬੱਚਿਆਂ ਦੀ ਦੇਖਭਾਲ ਕਰਨ ਵਾਲਿਆਂ ਦੀ ਹੋਰ ਆਮਦਨ ਲਈ $22 ਮਿਲੀਅਨ ਹੋਰ ਪ੍ਰਦਾਨ ਕਰਨਗੇ।

**ਮੀਡੀਆ ਪੁੱਛਗਿੱਛ**

Ashli Barrett (ਐਸ਼ਲੀ ਬੈਰੇਟ)
ਪ੍ਰੈੱਸ ਸਕੱਤਰ, ਬਾਲ ਅਤੇ ਪਰਿਵਾਰ ਸੇਵਾਵਾਂ
ashli.barrett@gov.ab.ca
587-545-8821